# ਖਾਲਸਾ ਕਾਲਜ ਦੀ ਖਿਡਾਰਨ ਨੇ ਜੂਨੀਅਰ ਮਹਿਲਾ ਕੁਸ਼ਤੀ ਮੁਕਾਬਲਿਆਂ 'ਚ ਪ੍ਰਾਪਤ ਕੀਤਾ 'ਸੋਨ ਤਗਮਾ

## ਖਿਡਾਰਨ ਦੀ ਨੈਸ਼ਨਲ ਮੁਕਾਬਲਿਆਂ ਲਈ ਹੋਈ ਚੋਣ



ਸ਼੍ਰੀ ਅਨੰਦਪੁਰ ਸਾਹਿਬ 22 ਮਾਰਚ (ਜੋਗਿੰਦਰ ਰਾਣਾ) - ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ ਦੀ ਖਿਡਾਰਨ ਨੇ ਮਾਣਮੱਤੀ ਪ੍ਰਾਪਤ ਕਰਕੇ ਕਾਲਜ ਦੀ ਸ਼ਾਨ ਵਿੱਚ ਵਾਧਾ ਕੀਤਾ। ਜ਼ਿਕਰਯੋਗ ਹੈ ਕਿ ਖਿਡਾਰਨ ਪ੍ਰਿਯਾ ਵਿਦਿਆਰਥਣ ਬੀ.ਏ ਭਾਗ ਪਹਿਲਾ ਨੇ ਵਰਿਆਣਾ ਅਕੈਡਮੀ ਜਲੰਧਰ ਵਿਖੇ ਹੋ ਰਹੇ ਜੂਨੀਅਰ ਮਹਿਲਾ ਕੁਸ਼ਤੀ ਮੁਕਾਬਲਿਆਂ ਦੇ 68 ਕਿਲੋਗ੍ਰਾਮ ਵਰਗ ਵਿੱਚ ਭਾਗ ਲਿਆ। ਮੁਕਾਬਲਿਆਂ ਵਿੱਚ ਅਵੱਲ ਰਹਿ ਕੇ ਖਿਡਾਰਨ ਨੇ ਸੋਨ ਤਗਮਾ ਹਾਸਿਲ ਕੀਤਾ ਜਿਸਦੇ ਅਧਾਰ 'ਤੇ 29 ਤੋਂ 30 ਮਾਰਚ ਨੂੰ ਪਟਨਾ ਵਿਖੇ ਹੋਣ ਵਾਲੇ ਨੈਸ਼ਨਲ ਮਹਿਲਾ ਕੁਸ਼ਤੀ ਮੁਕਾਬਲਿਆਂ ਵਿੱਚ ਖਿਡਾਰਨ ਦੀ ਚੋਣ ਹੋ ਚੁੱਕੀ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ.ਜਸਵੀਰ ਸਿੰਘ ਨੇ ਖਿਡਾਰਨ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਾਲਜ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਖੇਡਾਂ ਪ੍ਰਤੀ ਵੀ ਆਕਰਸ਼ਿਤ ਕਰਦਾ ਹੈ ਤਾਂ ਜੋ ਵਿਦਿਆਰਥੀ ਖੇਡ ਜਗਤ ਵਿੱਚ ਵੀ ਖੁਦ ਦੀ ਵੱਖਰੀ ਪਛਾਣ ਬਣਾ ਕੇ ਆਪਣੇ ਮਾਪਿਆਂ, ਕਾਲਜ ਅਤੇ ਇਲਾਕੇ ਦਾ ਨਾਂ ਰੌਸ਼ਨ ਕਰ ਸਕਣ। ਉਨ੍ਹਾਂ ਕਿਹਾ ਕਿ ਜਦੋਂ ਕਾਲਜ ਦੇ ਖਿਡਾਰੀ ਵੱਡੇ ਪੱਧਰ 'ਤੇ ਖੇਡ ਕਿ ਮਾਣਮੱਤੀਆਂ ਪ੍ਰਾਪਤ ਕਰਦੇ ਹਨ ਤਾਂ ਜਿੱਥੇ ਇੱਕ ਪਾਸੇ ਉਹ ਕਾਲਜ ਦੀ ਸ਼ਾਨ ਵਿੱਚ ਵਾਧਾ ਕਰਦੇ ਹਨ ਉੱਥੇ ਹੀ ਉਹ ਬਾਕੀ ਵਿਦਿਆਰਥੀਆਂ ਲਈ ਪ੍ਰੇਰਣਾ ਸ੍ਰੋਤ ਵੀ ਬਣਦੇ ਹਨ ਜਿਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਹੋਰ ਵਿਦਿਆਰਥੀ ਵੀ ਖੇਡਾਂ ਪ੍ਰਤੀ ਰੁਚੀ ਦਿਖਾਉਂਦੇ ਹਨ। ਇਸ ਦੌਰਾਨ ਉਨ੍ਹਾਂ ਸਰੀਰਕ ਸਿੱਖਿਆ ਵਿਭਾਗ ਮੁਖੀ ਪ੍ਰੋ.ਅਸ਼ੋਕ ਕੁਮਾਰ ਦੀ ਖਿਡਾਰੀਆਂ ਦੀ ਯੋਗ ਅਗਵਾਈ ਕਰਨ ਲਈ ਸ਼ਲਾਘਾ ਕੀਤੀ। ਖਿਡਾਰਨ ਨੂੰ ਕਾਲਜ ਪ੍ਰਿੰਸੀਪਲ ਸਾਹਿਬ ਵੱਲੋਂ ਸਨਮਾਨਿਤ ਕੀਤਾ ਗਿਆ ਜਿਸ ਮੌਕੇ ਡਾ.ਮਲਕੀਤ ਸਿੰਘ, ਡਾ.ਸੁਰੇਂਦਰ ਕੁਮਾਰ ਸ਼ਰਮਾ, ਪ੍ਰੋ.ਜੇਪੀ ਸਿੰਘ, ਡਾ.ਬਲਜੀਤ ਸਿੰਘ ਚਾਨਾ, ਪ੍ਰੋ.ਅਸ਼ੋਕ ਕੁਮਾਰ ਤੇ ਕਬੱਡੀ ਕੋਚ ਸ.ਗੁਰਦੇਵ ਸਿੰਘ ਹਾਜ਼ਰ ਸਨ।

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com